ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ,
ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਮੋਹਾਲੀ।
(ਕੁਆਰਡੀਨੇਸ਼ਨ ਸ਼ਾਖਾ)

ਸੇਵਾ ਵਿਖੇ,

1. ਸਮੂਹ ਮੰਡਲ ਸਿੱਖਿਆ ਅਫ਼ਸਰ (ਨਾਭਾ, ਜਲੰਧਰ ਅਤੇ ਫਰੀਦਕੋਟ), ਪੰਜਾਬ।
2. ਸਮੂਹ ਜ਼ਿਲਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ।

ਮੀਮੋ ਨੰ: 15/285-15 ਕੋ.ਸੈਲ (1)/14 ਮਿਤੀ:- 13.01.2015

**ਵਿਸ਼ਾ:-** **ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਸੇਵਾਕਾਲ ਵਿੱਚ ਵਾਧਾ ਕਰਨ ਬਾਰੇ।**

ਹਵਾਲਾ:- ਇਸ ਦਫਤਰ ਦਾ ਪੱਤਰ ਨੰ: 15/285-2012 ਕੋ.ਸੈਲ (1)/225 ਮਿਤੀ 31-10-2014 ਸਮੇਤ ਵਿੱਤ ਵਿਭਾਗ, ਪੰਜਾਬ ਦਾ ਪੱਤਰ ਨੰ: 22/2/2012-3ਐਫ.ਪੀ.2/159 ਮਿਤੀ 30-10-2014.

1. ਆਪ ਜੀ ਦਾ ਧਿਆਨ ਉਪਰੋਕਤ ਵਿਸੇ ਤੇ ਹਵਾਲਾ ਪੱਤਰਾਂ (ਕਾਪੀ ਮੁੜ ਨੱਥੀ) ਵੱਲ ਦਿਵਾਂਉਦੇ ਹੋਏ ਲਿਖਿਆ ਜਾਂਦਾ ਹੈ ਕਿ ਸੇਵਾਕਾਲ ਦੇ ਵਾਧੇ ਲਈ ਆਪ ਵੱਲੋਂ ਭੇਜੇ ਜਾ ਰਹੇ ਕੇਸਾਂ ਨੂੰ examine ਕਰਨ ਦੌਰਾਨ ਇਹ ਵੇਖਣ ਵਿੱਚ ਆਇਆ ਹੈ ਕਿ ਆਪ ਵੱਲੋਂ ਅਧਿਕਾਰੀਆਂ/ਕਰਮਚਾਰੀਆਂ ਦੇ ਵਿਰੁੱਧ ਕਿਸੇ ਤਰ੍ਹਾਂ ਦੀ ਵੀ ਕੋਈ ਵਿਭਾਗੀ ਇੰਨਕੁਆਰੀ, ਕ੍ਰਿਮੀਨਲ ਕੇਸ ਜਾਂ ਵਿਜੀਲੈਂਸ ਕੇਸ ਦੀ pendency ਬਾਰੇ comprehensive statement/certificate ਨਹੀਂ ਭੇਜਿਆਂ ਜਾ ਰਿਹਾ।

2. ਇਸ ਪੱਤਰ ਰਾਹੀਂ ਆਪ ਸਭ ਨੂੰ ਲਿਖਿਆ ਜਾਂਦਾ ਹੈ ਕਿ ਸੇਵਾਕਾਲ ਦੇ ਵਾਧੇ ਲਈ ਭੇਜੇ ਜਾਣ ਵਾਲੇ ਹਰੇਕ ਕੇਸ ਵਿੱਚ ਆਪ ਵੱਲੋਂ ਹੇਠ ਅਨੁਸਾਰ ਸਰਟੀਫਿਕੇਟ ਭੇਜਣਾ ਲਾਜ਼ਮੀ ਹੋਵੇਗਾ:

**" ਤਸਦੀਕ ਕੀਤਾ ਜਾਂਦਾ ਹੈ ਕਿ ਸ੍ਰੀ/ਸ੍ਰੀਮਤੀ ---------- (ਨਾਮ),------ (ਅਹੁਦਾ),---------- (ਪੋਸਟਿੰਗ ਦਾ ਸਥਾਨ) ਦੇ ਵਿਰੁੱਧ ਕੋਈ ਵਿਭਾਗੀ ਇੰਨਕੁਆਰੀ, ਕ੍ਰਿਮੀਨਲ ਕੇਸ ਜਾਂ ਵਿਜੀਲੈਂਸ ਕੇਸ ਪੈਂਡਿੰਗ ਨਹੀਂ। "**

3 ਇਹ ਵੀ ਲਿਖਿਆ ਜਾਂਦਾ ਹੈ ਕਿ ਜੇਕਰ ਕਿਸੇ ਅਧਿਕਾਰੀ/ਕਰਮਚਾਰੀ ਵਿਰੁੱਧ ਉਕਤ ਦਰਸਾਏ ਕੇਸਾਂ ਵਿੱਚੋਂ ਕੋਈ ਵਿਸੇਸ਼ ਕੇਸ ਪੈਂਡਿੰਗ ਹੈ ਤਾਂ ਉਸ ਬਾਰੇ ਸਪਸ਼ਟ ਰੂਪ ਵਿੱਚ ਵਖੱਰੇ ਤੌਰ ਤੇ ਤਸ਼ਦੀਕ ਕੀਤਾ ਜਾਵੇ।

4. ਲੜੀ ਨੰ 2 ਅਤੇ 3 ਅਨੁਸਾਰ ਕਾਰਵਾਈ ਕਰਨਾ ਯਕੀਨੀ ਬਣਾਇਆ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ),ਪੰਜਾਬ

ਪਿੱਠ ਅੰਕਣ ਨੰ: ਉਕਤ ਮਿਤੀ: 13.01.2015

ਉਤਾਰਾ ਮੁੱਖ ਦਫਤਰ ਵਿਖੇ ਸਮੂਹ ਅਮਲਾ ਅਧਿਕਾਰੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ),ਪੰਜਾਬ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ,
ਚੌਥੀ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਮੋਹਾਲੀ।
(ਕੋਆਰਡੀਨੇਸ਼ਨ ਸ਼ਾਖਾ)

ਸੇਵਾ ਵਿਖੇ

1 ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
2 ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
3. ਸਮੂਹ ਡੀ.ਡੀ.ਓਜ਼/ਸਕੂਲ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ: 15/285-2012 ਕੋ ਸੈਲ (1)/225 ਮਿਤੀ 31-10-2014

ਵਿਸ਼ਾ:- **ਪੰਜਾਬ ਸਰਕਾਰ ਦੇ ਕਰਮਚਾਰੀਆਂ ਦੀ ਸੇਵਾ ਕਾਲ ਵਿੱਚ ਵਾਧਾ ਕਰਨ ਬਾਰੇ ਸਪਸ਼ਟੀਕਰਨ।**

ਹਵਾਲਾ:- ਰਾਜ ਸਰਕਾਰ (ਵਿੱਤ ਵਿਭਾਗ, ਵਿੱਤ ਪ੍ਰਸੋਨਲ ਸਾਖਾ) ਦਾ ਪੱਤਰ ਨੰ: 22/2/2012-3 ਐਫ.ਪੀ.2/159 ਮਿਤੀ 30-10-2014

1. ਹਵਾਲਾ ਅਧੀਨ ਪੱਤਰ ਰਾਹੀਂ ਸਰਕਾਰ ਵੱਲੋਂ ਉਪਰੋਕਤ ਵਿਸੇ ਤੇ ਸਪਸ਼ਟੀਕਰਨ ਜਾਰੀ ਕਰਦੇ ਹੋਏ ਲਿਖਿਆ ਹੈ ਕਿ ਜਿਨ੍ਹਾਂ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੇ ਵਿਰੁੱਧ ਕਿਸੇ ਤਰ੍ਹਾਂ ਦੀ ਵੀ ਕੋਈ ਵਿਭਾਗੀ ਇੰਨਕੁਆਰੀ/ਕਰੀਮੀਨਲ ਕੇਸ ਜਾਂ ਵਿਜੀਲੈਂਸ ਕੇਸ ਪੈਂਡਿੰਗ ਹੋਵੇ ਉਨ੍ਹਾਂ ਨੂੰ ਵਿੱਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ: 22/2/2012-3 ਵਿ.ਪ.2/479 ਮਿਤੀ 08-10-2012 ਅਤੇ ਨੰ: 22/2/2012-3 ਵਿ.ਪ.2/471 ਮਿਤੀ 20-09-2013 ਅਧੀਨ ਸੇਵਾਕਾਲ ਵਿੱਚ ਵਾਧਾ ਦੇਣ ਲਈ ਵਿਚਾਰਿਆ ਨਹੀਂ ਜਾਵੇਗਾ।

2. ਹਵਾਲਾ ਪੱਤਰ ਦੀ ਕਾਪੀ ਆਪ ਜੀ ਨੂੰ ਮੁੱਕਮਲ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੱਥੀ: ਉਕਤ ਅਨੁਸਾਰ

ਇੰਚਾਰਜ ਕੋਆਰਡੀਨੇਸਨ ਸੈਲ
ਦ.ਡੀ.ਪੀ.ਆਈ (ਸੈਸਿ) ਪੰਜਾਬ

ਪਿੱਠ ਅੰਕਣ ਨੰ: ਉਕਤ ਮਿਤੀ: 31-10-2014

ਉਤਾਰਾ ਡੀ.ਪੀ.ਆਈ (ਸੈਸਿ) ਵਿਖੇ ਹੇਠ ਲਿਖੇ ਅਧਿਕਾਰੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਸਮੂਹ ਅਮਲਾ ਅਧਿਕਾਰੀ/ਸਾਖਾ ਮੁੱਖੀ
2. ਸੁਪਰਡੈਂਟ ਕੋਆਰਡੀਨੇਸਨ ਸੈਲ
3. ਪੀ.ਏ/ਡੀ.ਪੀ.ਆਈ (ਸੈਸਿ)

ਇੰਚਾਰਜ ਕੋਆਰਡੀਨੇਸਨ ਸੈਲ
ਦ.ਡੀ.ਪੀ.ਆਈ (ਸੈਸਿ) ਪੰਜਾਬ

FROM :MINISTER EDUCATION PB FAX NO. :0172 2740479 30 Oct. 2014 4:34PM P1

ਨੰ: 22/ 2/2012-3 ਐਫ ਪੀ 2/ 159

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-2 ਸਾਖਾ)

ਮਿਤੀ,ਚੰਡੀਗੜ੍ਹ: 30 ਅਕਤੂਬਰ, 2014

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ,
ਡਵੀਜਨਾਂ ਦੇ ਕਮਿਸਨਰ,
ਸਮੂਹ ਜਿਲ੍ਹਾ ਤੇ ਸੈਸਨਜ ਜੱਜ ਅਤੇ
ਸਮੂਹ ਡਿਪਟੀ ਕਮਿਸਨਰ,
ਪੰਜਾਬ ਰਾਜ ਵਿੱਚ।

ਵਿਸ਼ਾ: ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਸੇਵਾ ਕਾਲ ਵਿੱਚ ਵਾਧਾ ਕਰਨ ਬਾਰੇ-ਸਪਸਟੀਕਰਨ।

ਸ੍ਰੀ ਮਾਨ ਜੀ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸੇ ਤੇ ਆਪ ਦਾ ਧਿਆਨ ਵਿੱਤ ਵਿਭਾਗ ਦੇ ਪੱ.ਨੰ. 22/2/2012-3ਵਿਪ੍2/43 ਮਿਤੀ 22-1-2013, ਰਾਹੀਂ ਜਾਰੀ ਸਪਸਟੀਕਰਨ ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਵਿੱਤ ਵਿਭਾਗ ਵਲੋਂ ਇਨ੍ਹਾਂ ਹਦਾਇਤਾਂ ਦਾ ਲੜੀ ਨੰ:7 ਵਿਦਡਰਾਅ (withdraw) ਕੀਤਾ ਜਾਂਦਾ ਹੈ ਅਤੇ ਇਹ ਫੈਸਲਾ ਲਿਆ ਗਿਆ ਹੈ ਕਿ ਜਿਨ੍ਹਾਂ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੇ ਵਿਰੁੱਧ ਕਿਸੇ ਤਰ੍ਹਾਂ ਦੀ ਵੀ ਕੋਈ ਵਿਭਾਗੀ ਇਨਕੁਆਰੀ/ਕਰੀਮੀਨਲ ਕੇਸ ਜਾਂ ਵਿਜੀਲੈਂਸ ਕੇਸ ਪੈਂਡਿੰਗ ਹੋਵੇ, ਉਹਨਾਂ ਨੂੰ ਵਿੱਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ:22/2/2012-3ਵਿਪ2/479, ਮਿਤੀ 8.10.2012 ਅਤੇ ਨੰ:22/2/2012-3ਵਿਪ੍2/471, ਮਿਤੀ 20.9.2013 ਅਧੀਨ ਸੇਵਾਕਾਲ ਵਿਚ ਵਾਧਾ ਦੇਣ ਲਈ ਵਿਚਾਰਿਆ ਨਹੀਂ ਜਾਵੇਗਾ।

2. ਉਪਰੋਕਤ ਦੀ ਪਾਲਣਾ ਨੂੰ ਯਕੀਨੀ ਬਣਾਉਣ ਹਿੱਤ ਸਬੰਧਤ ਮਹਿਕਮੇ ਦੇ ਪ੍ਰਬੰਧਕੀ ਸਕੱਤਰ, ਡਾਇਰੈਕਟਰ (ਵਿਭਾਗ ਦਾ ਮੁਖੀ) ਅਤੇ ਇੱਕ ਹੋਰ ਅਧਿਕਾਰੀ ਦੀ ਕਮੇਟੀ ਗਠਿਤ ਕੀਤੀ ਜਾਵੇਗੀ, ਜਿਸ ਵਿੱਚ ਵਿਜੀਲੈਂਸ/ਕਰੀਮੀਨਲ/ਵਿਭਾਗੀ ਇਨਕੁਆਰੀ ਵਿੱਚ ਗ੍ਰਸਤ ਅਧਿਕਾਰੀਆਂ/ਕਰਮਚਾਰੀਆਂ ਦੀ ਤੁਰੰਤ ਲਿਸਟ ਤਿਆਰ ਕੀਤੀ ਜਾਵੇਗੀ ਅਤੇ ਇਹਨਾਂ ਦੇ ਸੇਵਾਕਾਲ ਦੇ ਵਾਧੇ ਸਬੰਧੀ ਬਣਦਾ ਫੈਸਲਾ ਉਹਨਾ ਦੀ ਸੇਵਾ-ਨਵਿਰਤੀ ਦੀ ਮਿਤੀ ਤੋਂ ਪਹਿਲਾਂ-ਪਹਿਲਾਂ ਕੀਤਾ ਜਾਵੇਗਾ।

3. ਇਹ ਹਦਾਇਤਾਂ ਤੁਰੰਤ ਤੋਂ ਲਾਗੂ ਹੋਣਗੀਆਂ।

ਵਿਸਵਾਸਪਾਤਰ